ਰੈਜ਼ੀਡੈਂਸ਼ੀਅਲ ਪ੍ਰਾਪਰਟੀ ਟ੍ਰਿਬਿਊਨਲ ਸਰਵਿਸ

# ਬਰਾਬਰ ਦੇ ਮੌਕਿਆਂ ਦੀ ਨੀਤੀ

## 1. ਨੀਤੀ ਦਾ ਬਿਆਨ

ਰੈਜ਼ੀਡੈਂਸ਼ੀਅਲ ਪ੍ਰਾਪਰਟੀ ਟ੍ਰਿਬਿਊਨਲ ਸਰਵਿਸ (RPTS) ਆਪਣੇ ਮੈਂਬਰਾਂ, ਸਟਾਫ਼ ਅਤੇ ਵਰਤਣ ਵਾਲਿਆਂ ਨਾਲ ਨਿਰਪੱਖਤਾ ਨਾਲ ਪੇਸ਼ ਆਉਣ ਲਈ ਵਚਨਬੱਧ ਹੈ। ਸਾਡੀ ਨੀਤੀ ਨਸਲ, ਨਸਲੀ ਜਾਂ ਕੌਮੀ ਮੂਲ, ਉਮਰ, ਧਰਮ, ਲਿੰਗ, ਵਿਆਹੁਤਾ ਦਰਜੇ, ਅਯੋਗਤਾ, ਘਰੇਲੂ ਜ਼ਿੰਮੇਵਾਰੀਆਂ ਜਾਂ ਜਿਣਸੀ ਝੁਕਾਅ ਦੀ ਪਰਵਾਹ ਕੀਤੇ ਬਿਨਾ ਨਿਰਪੱਖ ਸਲੂਕ ਕਰਨਾ ਹੈ। RPTS ਇੱਕ ਅਜਿਹੇ ਮਾਹੌਲ ਨੂੰ ਉਤਸ਼ਾਹਤ ਕਰਨ ਦਾ ਜਤਨ ਕਰਦੀ ਹੈ ਜੋ ਕਿ ਗੈਰ-ਵਿਤਕਰੇਪੂਰਨ ਹੋਵੇ, ਅਤੇ ਜਿਸਦਾ ਟੀਚਾ ਸਾਡੇ ਸਮਾਜ ਅੰਦਰ ਵਿਭਿੰਨਤਾ ਨੂੰ ਪ੍ਰਗਟਾਉਣਾ ਹੋਵੇ। ਸਾਡਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਵਿਅਕਤੀ ਵਿਤਕਰਾ ਮਹਿਸੂਸ ਨਾ ਕਰਨ ਅਤੇ ਕਿਸੇ ਵੀ ਰੂਪ ਵਿੱਚ ਵਿਤਕਰੇ ਦਾ ਨਿਸ਼ਾਨਾ ਨਾ ਹੋਣ।

ਇਹ ਨੀਤੀ ਬਿਆਨ ਦਾ ਸਮਰਥਨ RPTS ਦੇ ਮੈਨੇਜਮੈਂਟ ਬੋਰਡ ਦੁਆਰਾ ਕੀਤਾ ਗਿਆ ਹੈ।

## 2. ਸਬੰਧਤ ਨੀਤੀਆਂ ਅਤੇ ਕਾਰਜ-ਵਿਧੀਆਂ

RPTS ਦੀ ਬਰਾਬਰ ਦੇ ਮੌਕਿਆਂ ਦੀ ਨੀਤੀ (Equal Opportunities Policy) ਹੇਠਾਂ ਦਿੱਤੇ ਦਿਸ਼ਾ-ਨਿਰਦੇਸ਼ਾਂ ਦੇ ਅਨੁਰੂਪ ਅਤੇ ਅਰਥਾਂ ਮੁਤਾਬਕ ਹੈ:

- ਵਿਭਿੰਨਤਾ ਦਾ ਸੰਚਾਲਨ ਕਰਨ 'ਤੇ ਡਿਪਟੀ ਪ੍ਰਾਈਮ ਮਿਨਿਸਟਰ (ODPM) ਦੇ ਦਫ਼ਤਰ ਦੀਆਂ ਨੀਤੀਆਂ।
- ਕਮਿਸ਼ਨਰ ਫ਼ਾਰ ਪਬਲਿਕ ਅਪੁਆਇੰਟਮੈਂਟਸ (OCPA) ਦੇ ਦਫ਼ਤਰ ਦਾ ਆਚਾਰ ਜ਼ਾਬਤਾ।
- ਪ੍ਰਾਸੰਗਕ ਵਿਧਾਨ।

## 3. ਨੀਤੀ ਨੂੰ ਲਾਗੂ ਕਰਨਾ

ਇਸ ਨੀਤੀ ਨੂੰ ਲਾਗੂ ਕਰਨਾ ਤਿੰਨ ਸਿਰਲੇਖਾਂ ਹੇਠ ਆਉਂਦਾ ਹੈ।

- ਕਾਰਵਾਈ
- ਪੜਚੋਲ
- ਨਿਰੀਖਣ

## 4. ਕਾਰਵਾਈ

ਇਹ ਯਕੀਨੀ ਬਣਾਉਣ ਲਈ ਨਿਰੰਤਰ ਅਧਾਰ 'ਤੇ ਕਾਰਵਾਈ ਕੀਤੀ ਜਾਵੇਗੀ ਕਿ

- ਪੈਨਲਾਂ ਵਿੱਚ ਨਵੇਂ ਮੈਂਬਰਾਂ ਦੀ ਭਰਤੀ ਜਿੰਨਾ ਸੰਭਵ ਹੋ ਸਕੇ ਸਮਾਜ ਦੀ ਵਿਭਿੰਨਤਾ ਅਤੇ ਉਹਨਾਂ ਖੇਤਰਾਂ ਨੂੰ ਦਰਸਾਏ ਜਿਹਨਾਂ ਦੀ ਸੇਵਾ ਪੈਨਲ ਕਰਦੇ ਹਨ
- ਪੈਨਲ ਮੈਂਬਰਾਂ ਅਤੇ ਸਟਾਫ਼ ਦੀ ਮੈਨੇਜਮੈਂਟ ਦਾ ਸੰਚਾਲਨ ਚੰਗੇ ਬਰਾਬਰੀ ਦੇ ਮੌਕਿਆਂ ਦੇ ਵਿਹਾਰ ਦੇ ਮੁਤਾਬਕ ਕੀਤਾ ਜਾਂਦਾ ਹੈ
- ਬਰਾਬਰ ਦੇ ਮੌਕਿਆਂ ਵਾਲੇ ਮੁੱਦਿਆਂ ਬਾਰੇ ਜਾਣਕਾਰੀ ਅਤੇ ਜਾਗਰੂਕਤਾ ਬਣਾਈ ਰੱਖਣ ਅਤੇ ਵਧਾਉਣ ਲਈ ਮੈਂਬਰਾਂ ਅਤੇ ਸਟਾਫ਼ ਨੂੰ ਸਮੇਂ-ਸਮੇਂ 'ਤੇ ਸਿਖਲਾਈ ਦਿੱਤੀ ਜਾਂਦੀ ਹੈ

ਪੈਨਲ ਪ੍ਰਯੋਗ ਕਰਤਿਆਂ ਨਾਲ ਇੱਕ ਨਿਰਪੱਖ ਅਤੇ ਬਰਾਬਰ ਅਧਾਰ 'ਤੇ ਸਲੂਕ ਕੀਤਾ ਜਾਂਦਾ ਹੈ, ਤਾਂ ਕਿ

- ਸਾਰੇ ਪ੍ਰਯੋਗ ਕਰਤਿਆਂ ਨੂੰ ਪੈਨਲ ਮੈਂਬਰਾਂ ਅਤੇ ਸਟਾਫ਼ ਨਾਲ ਲੈਣ-ਦੇਣ ਵਿੱਚ ਨਿਰਪੱਖ ਸਲੂਕ ਮਿਲੇ;
- ਅਯੋਗਤਾਵਾਂ ਵਾਲੇ ਲੋਕਾਂ ਲਈ ਸਹੂਲਤਾਂ ਜਿੰਨਾ ਸੰਭਵ ਹੋ ਸਕੇ ਪਹੁੰਚ ਯੋਗ ਬਣਾਈਆਂ ਜਾਣ (ਧਿਆਨ ਦਿਓ ਜਿਥੇ ਜਗ੍ਹਾ ਦੀ ਚੋਣ ਸੀਮਤ ਹੁੰਦੀ ਹੈ ਹੋ ਸਕਦਾ ਹੈ ਕਿ ਉਥੇ ਅਜਿਹਾ ਹਮੇਸ਼ਾ ਸੁਣਵਾਈਆਂ ਵਿੱਚ ਵਿਵਹਾਰਕ ਨਾ ਹੋਵੇ);
- ਜਿਥੇ ਸੰਭਵ ਹੋਵੇ ਦੇਖਣ ਜਾਂ ਸੁਣਨ ਦੀਆਂ ਸਮੱਸਿਆਵਾਂ ਵਾਲੇ ਲੋਕਾਂ ਲਈ ਜਿਥੇ ਸੰਭਵ ਹੋਵੇ, ਸਹੂਲਤਾਂ ਮੁਹੱਈਆ ਕਰਾਈਆਂ ਜਾਣ;
- ਅੰਗਰੇਜ਼ੀ ਬੋਲਣ ਜਾਂ ਸਮਝਣ ਵਿੱਚ ਸਮੱਸਿਆਵਾਂ ਵਾਲੇ ਲੋਕਾਂ ਲਈ ਜਿਥੇ ਸੰਭਵ ਹੋਵੇ ਅਨੁਵਾਦਕ ਜਾਂ ਅਨੁਵਾਦ ਮੁਹੱਈਆ ਕਰਾਏ ਜਾਣ।

## 5. ਨਿਰੀਖਣ

RPTS ਨਿਰੰਤਰ ਰੂਪ ਵਿੱਚ ਇਹ ਯਕੀਨੀ ਬਣਾਉਣ ਲਈ ਇਸਦੀਆਂ ਨੀਤੀਆਂ ਅਤੇ ਕਾਰਜਾਂ ਦਾ ਨਿਰੀਖਣ ਕਰੇਗੀ ਕਿ ਉਹ ਬਰਾਬਰ ਦੇ ਮੌਕਿਆਂ ਦੇ ਸਰਵੋਤਮ ਵਿਹਾਰ ਦੀ ਪਾਲਣਾ ਕਰਦੇ ਹਨ। ਲੋੜ ਮੁਤਾਬਕ ਰਿਪੋਰਟਾਂ ODPM ਅਤੇ ਕੈਬਨਿਟ ਆਫ਼ਿਸ ਨੂੰ ਜਮ੍ਹਾਂ ਕਰਵਾਈਆਂ ਜਾਣਗੀਆਂ।

## 6. ਪੜਚੋਲ

ਇਸ ਨੀਤੀ ਦੀ ਪੜਚੋਲ ਸਮੇਂ-ਸਮੇਂ 'ਤੇ ਮੈਨੇਜਮੈਂਟ ਬੋਰਡ ਦੁਆਰਾ ਕੀਤੀ ਜਾਵੇਗੀ ਅਤੇ ਸਮੇਂ ਦੇ ਮੌਜੂਦਾ ਸਰਵੋਤਮ ਦਸਤੂਰ ਦੇ ਮੁਤਾਬਕ ਲੋੜ ਅਨੁਸਾਰ ਨਵਿਆਇਆ ਜਾਵੇਗਾ।

## 7. ਸ਼ਿਕਾਇਤਾਂ

ਇਸ ਨੀਤੀ ਅਤੇ ਇਸਦੇ ਪ੍ਰਯੋਗ ਤੋਂ ਪੈਦਾ ਹੋਣ ਵਾਲੀਆਂ ਕੋਈ ਵੀ ਸ਼ਿਕਾਇਤਾਂ RPTS ਦੀ ਸ਼ਿਕਾਇਤਾਂ ਦੀ ਪ੍ਰਕਿਰਿਆ ਰਾਹੀਂ ਨਜਿੱਠੀਆਂ ਜਾਣਗੀਆਂ।

## 8. ਭੂਮਿਕਾਵਾਂ ਅਤੇ ਜਿੰਮੇਵਾਰੀਆਂ

RPTS ਦੇ ਅੰਦਰ, ਹੇਠਾਂ ਦਿੱਤੀਆਂ ਭੂਮਿਕਾਵਾਂ ਅਤੇ ਜਿੰਮੇਵਾਰੀਆਂ ਦੀ ਪਛਾਣ ਕੀਤੀ ਗਈ ਹੈ:

ਇਸ ਨੀਤੀ ਲਈ, ਇਸ ਨੂੰ ਲਾਗੂ ਕਰਨ, ਨਿਰੀਖਣ ਅਤੇ ਪੜਚੋਲ ਦੀ ਸਮੁੱਚੀ ਜਿੰਮੇਵਾਰੀ ਮੈਨੇਜਮੈਂਟ ਬੋਰਡ ਦੀ ਹੁੰਦੀ ਹੈ।

ਪੈਨਲ ਪਰਧਾਨ ਆਪਣੇ ਮੈਂਬਰਾਂ ਦੀ ਭਰਤੀ ਅਤੇ ਪ੍ਰਬੰਧਨ ਦੇ ਸਬੰਧ ਵਿੱਚ ਨੀਤੀ ਨੂੰ ਲਾਗੂ ਕਰਨ, ਅਤੇ ਉਹਨਾਂ ਦੇ ਰਾਹੀਂ ਸੁਣਵਾਈਆਂ ਵਿੱਚ ਅਤੇ ਉਹਨਾਂ ਫ਼ੈਸਲਿਆਂ ਵਿੱਚ ਬਰਾਬਰ ਦੇ ਮੌਕਿਆਂ ਦੇ ਚੰਗੇ ਦਸਤੂਰ ਦੀ ਪਾਲਣ ਕਰਨ ਲਈ ਜਿੰਮੇਵਾਰ ਹੁੰਦੇ ਹਨ ਜਿਹੜੇ ਕਮੇਟੀਆਂ ਅਤੇ ਟ੍ਰਿਬਿਊਨਲ ਕਰਦੇ ਹਨ।

ਪੈਨਲ ਚੇਅਰਮੈਨ ਸੁਣਵਾਈਆਂ ਵਿੱਚ ਅਤੇ ਉਹਨਾਂ ਫ਼ੈਸਲਿਆਂ ਵਿੱਚ ਜਿਹਨਾਂ ਬਾਰੇ ਉਹਨਾਂ ਨੂੰ ਚਿੰਤਾਵਾਂ ਹੁੰਦੀਆਂ ਹਨ, ਬਰਾਬਰ ਦੇ ਮੌਕਿਆਂ ਦੇ ਚੰਗੇ ਦਸਤੂਰ ਲਈ ਜਿੰਮੇਵਾਰ ਹੁੰਦੇ ਹਨ

ਓਪਰੇਸ਼ਨਜ਼ ਡਾਇਰੈਕਟਰ ਦੀ ਸਮੁੱਚੀ ਜਿੰਮੇਵਾਰੀ ਪੈਨਲ ਸਟਾਫ਼ ਦੀ ਭਰਤੀ ਅਤੇ ਪ੍ਰਬੰਧਨ ਵਿੱਚ ਤੇ ਪੈਨਲ ਪ੍ਰਯੋਗ ਕਰਤਿਆਂ ਅਤੇ ਜਨਤਾ ਦੇ ਹੋਰ ਮੈਂਬਰਾਂ ਨਾਲ ਉਹਨਾਂ ਦੇ ਲੈਣ-ਦੇਣ ਵਿੱਚ ਬਰਾਬਰ ਦੇ ਮੌਕਿਆਂ ਦੇ ਚੰਗੇ ਦਸਤੂਰ ਲਈ ਜਿੰਮੇਵਾਰ ਹੁੰਦੇ ਹਨ।

ਰੀਜਨਲ ਮੈਨੇਜਰ ਆਪੋ-ਆਪਣੇ ਪੈਨਲਾਂ ਵਿੱਚ ਆਪਣੇ ਸਟਾਫ਼ ਦੀ ਭਰਤੀ ਅਤੇ ਆਚਰਣ ਵਿੱਚ ਬਰਾਬਰ ਦੇ ਮੌਕਿਆਂ ਦੇ ਚੰਗੇ ਦਸਤੂਰ ਲਈ ਜਿੰਮੇਵਾਰ ਹੁੰਦੇ ਹਨ.

## 9. ਪ੍ਰਤੀਕਿਰਿਆ

ਇਸ ਨੀਤੀ ਬਿਆਨ ਨੂੰ ਸੋਧਣ ਲਈ ਟਿੱਪਣੀਆਂ ਅਤੇ ਤਜਵੀਜ਼ਾਂ ਇਥੇ ਭੇਜੀਆਂ ਜਾਣੀਆਂ ਚਾਹੀਦੀਆਂ ਹਨ Chief Executive , RPTS, 10 Alfred Place, London WC1E 7LR

ਕਾਪੀਰਾਈਟ 2005

---

## ਫ਼ੋਨ ਰਾਹੀਂ ਪੁੱਛਗਿੱਛ

ਆਪਣੇ ਸਵਾਲਾਂ ਦੇ ਜਵਾਬਾਂ ਲਈ, ਟ੍ਰਿਬਿਊਨਲ ਪਰਕਾਸ਼ਨਾਂ ਬਾਰੇ ਜਾਣਕਾਰੀ ਮੁਹੱਈਆ ਕਰਨ ਅਤੇ ਇਹ ਸਮਝਾਉਣ ਲਈ ਕਿ ਟ੍ਰਿਬਿਊਨਲ ਸਿਸਟਮ ਕਿਵੇਂ ਕੰਮ ਕਰਦਾ ਹੈ, ਸਾਡੀ ਜਨਤਕ ਇਨਕੁਆਇਰੀ ਲਾਈਨ 'ਤੇ ਫ਼ੋਨ ਕਰੋ।
ਇਨਕੁਆਇਰੀ ਲਾਈਨ ਨੰਬਰ ਹੈ
**0845 600 3178**